# BUDHA DAL PUBLIC SCHOOL PATIALA

## Second Term Examination (23 December 2023)

**Class - X**

**Paper - Punjabi**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

**1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (6×1=6)

ਜੋ ਆਪਣੀ ਮਾਂ-ਬੋਲੀ ਨੂੰ ਪਿਆਰ ਕਰਦੇ ਹਨ, ਉਹ ਹਰ ਕਿਸੇ ਦੀ ਮਾਂ-ਬੋਲੀ ਦਾ ਸਤਿਕਾਰ ਕਰਦੇ ਹਨ। ਇੱਕ ਵਾਰ ਮੈਨੂੰ ਇੱਕ ਸੌ ਅੱਠ ਮੁਲਕਾਂ ਤੋਂ ਆਏ ਅਠਾਰਾਂ ਸੌ ਪ੍ਰਤੀਨਿਧਾਂ ਦੇ ਸਾਹਮਣੇ ਬੋਲਣ ਦਾ ਮੌਕਾ ਵੀਆਨਾ, ਆਸਟ੍ਰੀਆ ਦੀ ਰਾਜਧਾਨੀ ਵਿੱਚ ਮਿਲ਼ਿਆ ਸੀ। ਹਰ ਤਕਰੀਰ ਦਾ ਤਰਜਮਾ ਪੰਜਾਂ ਜ਼ਬਾਨਾਂ ਵਿੱਚ ਹੋਣਾ ਹੁੰਦਾ ਸੀ, ਤੇ ਸੈਂਕੜੇ ਤਕਰੀਰਾਂ ਸਨ। ਤਰਜਮਾ ਕਰਨ ਵਾਲ਼ੀਆਂ ਕੁੜੀਆਂ ਉੱਤੇ ਬੜਾ ਭਾਰ ਸੀ। ਉਹਨਾਂ ਦਾ ਇੱਕ ਤਰਜਮਾ ਬਚਾਉਣ ਲਈ ਮੈਂ ਫ਼ੈਸਲਾ ਕੀਤਾ ਕਿ ਅੰਗਰੇਜ਼ੀ ਵਿੱਚ ਹੀ ਬੋਲ ਦਿਆਂਗਾ। ਮੇਰੇ ਏਸ ਫ਼ੈਸਲੇ ਉੱਤੇ ਅੰਗਰੇਜ਼ਾਂ ਅਤੇ ਅਮਰੀਕਨਾਂ ਨੇ ਖ਼ੁਸ਼ੀਆਂ ਦੀਆਂ ਤਾਲੀਆਂ ਵਜਾਈਆਂ। ਪਰ ਜਦੋਂ ਮੈਂ ਆਖਿਆ ਕਿ ਇਹ ਵੀ ਮੈਂ ਸਹਾਰ ਨਹੀਂ ਸਕਾਂਗਾ ਕਿ ਆਪਣੀ ਮਾਂ-ਬੋਲੀ ਦੇ ਸ਼ਬਦ ਐਨੇ ਮੁਲਕਾਂ ਦੇ ਚੰਗੇ ਲੋਕਾਂ ਦੇ ਕੰਨੀਂ ਪੁਆਉਣ ਦਾ ਮੌਕਾ ਮੈਂ ਹੱਥੋਂ ਗੁਆ ਲਵਾਂ। ਏਸ ਲਈ ਆਪਣੀ ਤਕਰੀਰ ਦਾ ਅਖ਼ੀਰਲਾ ਭਾਗ ਮੈਂ ਪੰਜਾਬੀ ਵਿੱਚ ਹੀ ਬੋਲਾਂਗਾ। ਇਹਦੇ ਉੱਤੇ ਸਰੋਤਿਆਂ ਤਾਲੀਆਂ ਵਜਾਈਆਂ ਤੇ ਜਦੋਂ ਮੈਂ ਆਪਣੀ ਬੋਲੀ ਵਿੱਚ ਬੋਲ ਹਟਿਆ ਤਾਂ ਸਾਰੇ ਦੇ ਸਾਰੇ ਸਰੋਤੇ ਉੱਠ ਕੇ ਖਲੋ ਗਏ, ਪ੍ਰਧਾਨਗੀ ਮੰਡਲ ਦੇ ਮੰਚ ਤੋਂ ਹੇਠਾਂ ਆ ਕੇ ਕਈਆਂ ਨੇ ਮੈਨੂੰ ਜੱਫ਼ੀ ਵਿੱਚ ਲੈ ਲਿਆ, ਕਈ ਮੇਰੇ ਨਾਲ਼ ਤੁਰ ਕੇ ਮੈਨੂੰ ਮੇਰੀ ਸੀਟ ਉੱਤੇ ਬਿਠਾਉਣ ਆਏ ਤੇ ਉਹਨਾਂ ਮੇਰੇ ਦਸਖ਼ਤ ਲਏ। ਇਹ ਪ੍ਰਸ਼ੰਸਾ ਮੇਰੀ ਨਹੀਂ ਸੀ, ਮੇਰੀ ਮਾਂ-ਬੋਲੀ ਲਈ ਆਪਣੀ ਮਾਂ-ਬੋਲੀ ਦੇ ਪਿਆਰਿਆਂ ਦਾ ਸਤਿਕਾਰ ਭਰਿਆ ਇਜ਼ਹਾਰ ਸੀ।

ੳ) ਲੇਖਕ ਨੂੰ ਕਿੰਨੇ ਪ੍ਰਤੀਨਿਧਾਂ ਸਾਹਮਣੇ ਬੋਲਣ ਦਾ ਮੌਕਾ ਮਿਲਿਆ?
1) ਦੋ ਹਜ਼ਾਰ 2) ਅਠਾਰਾਂ ਸੌ 3) ਸੋਲ਼ਾ ਸੌ 4) ਅਠਾਈ

ਅ) ਕਿੰਨੇ ਮੁਲਕਾਂ ਤੋਂ ਪ੍ਰਤੀਨਿੱਧ ਆਏ ਸਨ?
1) ਇੱਕ ਸੌ ਅੱਠ 2) ਦੋ ਸੌ ਅੱਠ 3) ਅੱਠ 4) ਅਠਾਈ

ੲ) ਤਕਰੀਰ ਦਾ ਤਰਜ਼ਮਾ ਕਿੰਨੀਆਂ ਜ਼ੁਬਾਨਾਂ ਵਿੱਚ ਹੋਣਾ ਸੀ?
1) ਚਾਰ 2) ਸੱਤ 3) ਪੰਜ 4) ਦਸ

ਸ) ਲੇਖਕ ਨੇ ਆਪਣੀ ਤਕਰੀਰ ਦਾ ਅਖੀਰਲਾ ਭਾਗ ਕਿਸ ਭਾਸ਼ਾ ਵਿੱਚ ਬੋਲਿਆ?
1) ਪੰਜਾਬੀ 2) ਹਿੰਦੀ 3) ਅੰਗਰੇਜੀ 4) ਉਰਦੂ

ਹ) ਸਰੋਤਿਆਂ ਨੇ ਲੇਖਕ ਦੀ ਪ੍ਰਸੰਸਾ ਕਿਵੇਂ ਕੀਤੀ?
1) ਬੈਠੇ-ਬੈਠੇ 2) ਤਾੜੀਆਂ ਵਜਾ ਕੇ 3) ਹੱਸ ਕੇ 4) ਕੋਲ਼ ਜਾ ਕੇ

ਕ) ਸਰੋਤਿਆਂ ਨੇ ਲੇਖਕ ਕੋਲ਼ੋ ਕੀ ਲਿਆ?
1) ਪੈੱਨ 2) ਪੁਸਤਕ 3) ਦਸਖ਼ਤ 4) ਪੈਸੇ

**2). ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** (1×4=4)

ਦੀਵਾਲੀ ਮਨਾਓ ਸਾਲੋ ਸਾਲ,
ਪ੍ਰਦੂਸ਼ਣ ਦਾ ਰੱਖੋ ਖ਼ਿਆਲ।
ਸਭਨਾਂ ਨੂੰ ਇਹ ਆਖ ਸੁਣਾਈਏ।

ਆਤਸ਼ਬਾਜ਼ੀ ਨਾ ਚਲਾਈਏ।
ਪਰ ਬਿਜਲੀ ਦਾ ਸਰਫ਼ਾ ਕਰੀਏ।
ਕੋਈ ਨਾ ਭੈੜੀ ਵਾਦੀ ਪਾਈਏ।
ਜੂਏ ਦੇ ਨਾ ਨੇੜੇ ਜਾਈਏ।

ੳ) ਪ੍ਰਦੂਸ਼ਣ ਦਾ ਖ਼ਿਆਲ ਕਿਵੇਂ ਰੱਖਿਆ ਜਾ ਸਕਦਾ ਹੈ?
ਅ) ਸਾਰਿਆਂ ਨੂੰ ਕੀ ਸੁਨੇਹਾ ਦੇਣਾ ਚਾਹੀਦਾ ਹੈ?
ੲ) ਕਿਹੜੀ ਭੈੜੀ ਵਾਦੀ ਨਹੀਂ ਪੈਣ ਦੇਣੀ ਚਾਹੀਦੀ?
ਸ) 'ਭੈੜੀ ਵਾਦੀ' ਤੋਂ ਕੀ ਭਾਵ ਹੈ?

## ਭਾਗ – ਅ (ਵਿਆਕਰਨ)

**3) ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ): (2×1=2)**

**ੳ)** ਮਾਂ ਦੀ ਬੋਲੀ ਸ਼ਬਦ ਸਮੂਹ ਲਈ ਸਹੀ ਸਮਾਸੀ ਸ਼ਬਦ ਚੁਣੋ:
1) ਮਾਤ-ਬੋਲੀ 2) ਮਾਂ ਦੀ ਬੋਲੀ 3) ਆਪਣੀ ਬੋਲੀ 4) ਮਾਂ-ਬੋਲੀ

ਅ) ਸਮਾਸ ਦਾ ਅਰਥ ਹੈ :
1) ਮਦਦ 2) ਜੋੜਨਾ 3) ਵੰਡਣਾ 4) ਵੱਖਰਾ ਕਰਨਾ

ੲ) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸ ਸਾਰਥਕ ਅਤੇ ਨਿਰਾਰਥਕ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ?
1) ਡੀਲ-ਡੌਲ 2) ਸਹਿਜ-ਸੁਭਾਅ 3) ਲੈਣਾ-ਦੇਣਾ 4) ਖੋਜ-ਵਿਧੀ

**4) ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ): (2×1=2)**

ੳ) ਬਹੁ-ਅਰਥਕ ਸ਼ਬਦ ਉਹ ਹੁੰਦੇ ਹਨ –
1) ਜਿੰਨ੍ਹਾਂ ਸ਼ਬਦਾਂ ਦਾ ਉਚਾਰਨ ਅਤੇ ਅਰਥ ਅਲੱਗ-ਅਲੱਗ ਹੋਵੇ।
2) ਜਿੰਨ੍ਹਾਂ ਸ਼ਬਦਾਂ ਦਾ ਅਰਥ ਬਿਲਕੁਲ ਉਲਟਾ ਹੋਵੇ।
3) ਜਿੰਨ੍ਹਾਂ ਸ਼ਬਦਾਂ ਦਾ ਉਚਾਰਨ ਇਕੋ ਜਿਹਾ ਹੋਵੇ ਪਰ ਅਰਥ ਬਿਲਕੁਲ ਵੱਖਰਾ ਹੋਵੇ।
4) ਜਿੰਨ੍ਹਾਂ ਸ਼ਬਦਾਂ ਦਾ ਉਚਾਰਨ ਅਲੱਗ-ਅਲੱਗ ਹੋਵੇ ਪਰ ਅਰਥ ਇੱਕੋ ਜਿਹਾ ਹੋਵੇ।

ਅ) 'ਵੰਡ' ਸ਼ਬਦ ਦਾ ਇਕ ਅਰਥ ਹੈ 'ਖਲ ਵੜੇਵੇਂ'। ਹੋਰ ਕੀ ਅਰਥ ਹੋ ਸਕਦੇ ਹਨ ਸਹੀ ਵਿਕਲਪ ਚੁਣੋ:
1) ਵੰਡਣਾ, ਦਾਨ ਕਰਨਾ 2) ਝਗੜਨਾ, ਪੱਲਾ 3) ਵਾਰੀ, ਦਿਨ 4) ਉਪਰੋਕਤ ਸਾਰੇ

ੲ) 'ਉੱਤਰ' ਵੱਲ ਉਨ੍ਹਾਂ ਦੀ ਜ਼ਮੀਨ ਹੈ। ਵਾਕ ਵਿੱਚ 'ਉੱਤਰ' ਸ਼ਬਦ ਦਾ ਕੀ ਅਰਥ ਹੈ?
1) ਹੇਠਾਂ ਉਤਰਨਾ 2) ਪੜ੍ਹਨਾ 3) ਜਵਾਬ 4) ਦਿਸ਼ਾ

**5) ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ): (2×1=2)**

ੳ) ਹੇਠ ਲਿਖੇ ਸ਼ਬਦ ਸਮੂਹ ਵਿੱਚੋਂ ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ ਚੁਣੋ:
1) ਚਾਰ, ਪੰਜ, ਛੇ 2) ਅੱਜ, ਕੱਲ, ਪਰਸੋਂ 3) ਬਾਹਰ, ਸੱਜੇ, ਦੂਰ 4) ਘੱਟ, ਹੌਲੀ, ਤੇਜ

ਅ) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ:
ਸੁਨੀਲ ਇਮਾਨਦਾਰੀ ਨਾਲ ਕੰਮ ਕਰਦਾ ਹੈ।
1) ਸੁਨੀਲ 2) ਇਮਾਨਦਾਰੀ 3) ਕੰਮ 4) ਕਰਦਾ ਹੈ

ੲ) 'ਕਿਵੇਂ' ਕਿਰਿਆ ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ?
1) ਕਾਲਵਾਚਕ 2) ਸਥਾਨਵਾਚਕ 3) ਪ੍ਰਕਾਰਵਾਚਕ 4) ਪਰਿਮਾਣਵਾਚਕ

**6) ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ):** **(1+1=2)**

ੳ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਅ, ਮਹਾ

ਅ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਕਾਰੀ, ਦਾਨ

**7) ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ:** **(4×1=4)**

ਚਾਅ ਚੜ੍ਹਨਾ, ਚਿਹਰਾ ਉੱਤਰ ਜਾਣਾ, ਜਖ਼ਮਾਂ 'ਤੇ ਲੂਣ ਛਿੜਕਣਾ, ਜੁੱਤੀ ਵਿੱਚ ਪਾਣੀ ਪਿਆਉਣਾ, ਝੰਡੇ ਗੱਡਣਾ, ਛਹਿਬਰ ਲਾਉਣੀ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

**9) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ:** **(8)**

**ਜੈਸੀ ਸੰਗਤ ਵੈਸੀ ਰੰਗਤ**

ਨੁਕਤੇ -

ਜਾਣ-ਪਛਾਣ, ਮਨੁੱਖ ਦੀ ਸੰਗਤ, ਮਨੁੱਖ ਦੁਨਿਆਵੀ, ਵਸਤੂਆਂ ਦਾ ਗੁਲਾਮ, ਵੱਡੇ ਭਾਗਾਂ ਨਾਲ ਚੰਗੀ ਸੰਗਤ ਦਾ ਮਿਲਣਾ, ਮਾੜੀ ਸੰਗਤ ਦੇ ਪ੍ਰਭਾਵ, ਸੰਗਤ ਦਾ ਅਸਰ, ਸਿੱਟਾ।

**ਜਾਂ**

**ਦਿਨੋ-ਦਿਨ ਵੱਧ ਰਹੀ ਮੋਬਾਇਲ ਦੀ ਵਰਤੋਂ**

ਨੁਕਤੇ -

ਜਾਣ-ਪਛਾਣ, ਮੋਬਾਇਲ ਦਾ ਹਰਮਨ ਪਿਆਰਾ ਹੋਣਾ, ਵਿਦਿਆਰਥੀਆਂ ਵਿੱਚ ਮੋਬਾਇਲ ਦੀ ਵਰਤੋਂ ਦਾ ਜਨੂੰਨ, ਤਕਨੀਕੀ ਕੰਪਨੀਆਂ ਦਾ ਯੋਗਦਾਨ, ਮੋਬਾਇਲ ਦੀ ਫਜ਼ੂਲ ਵਰਤੋਂ, ਗੰਭੀਰ ਰੋਗਾਂ ਦਾ ਸ਼ਿਕਾਰ ਹੋਣਾ, ਬੱਚਿਆਂ ਤੇ ਬੁਰਾ ਪ੍ਰਭਾਵ, ਠੱਗੀਆਂ, ਸੁਝਾਅ, ਸਾਰਾਂਸ਼।

**ਜਾਂ**

**ਕਿਰਤ ਦੀ ਮਹੱਤਤਾ**

ਨੁਕਤੇ -

ਭੂਮਿਕਾ, ਅਰਥ, ਗੁਰਬਾਣੀ ਵਿੱਚ ਕਿਰਤ ਦੀ ਮਹਾਨਤਾ, ਵਿਹਲੜ ਤੇ ਭ੍ਰਿਸ਼ਟ, ਕਿਰਤੀ ਦੇ ਗੁਣ, ਦੇਸ਼ਾਂ ਦੇ ਮਹਾਨ ਬਣਨ ਦਾ ਰਾਜ਼, ਸਿੱਟਾ।

**9) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।** **(1×6=6)**

ਤੁਹਾਡਾ ਮਿੱਤਰ/ ਸਹੇਲੀ ਦੇ ਭਰਾ ਦਾ ਵਿਆਹ ਸੀ। ਤੁਹਾਨੂੰ ਇਸ ਮੌਕੇ 'ਤੇ ਸੱਦਾ ਪੱਤਰ ਆਇਆ ਸੀ ਪਰ ਤੁਸੀਂ ਵਿਆਹ ਵਿੱਚ ਸ਼ਾਮਲ ਨਹੀਂ ਹੋ ਸਕੇ। ਆਪਣੇ ਦੋਸਤ ਨੂੰ ਇਸ ਪੱਤਰ ਰਾਹੀਂ ਗੈਰ-ਹਾਜ਼ਰੀ ਦਾ ਕਾਰਨ ਦੱਸੋ।

ਨੁਕਤੇ: ਦੋਸਤ ਦੇ ਭਰਾ ਦਾ ਵਿਆਹ, ਪਹੁੰਚ ਨਾ ਸਕਣਾ, ਹਾਰਦਿਕ ਅਫ਼ਸੋਸ ਪ੍ਰਗਟ ਕਰਨਾ, ਪਿਤਾ ਜੀ ਦਾ ਵਿਦੇਸ਼ ਰਹਿਣਾ, ਦਾਦੀ ਜੀ ਦਾ ਬਿਮਾਰ ਰਹਿਣਾ, ਘਰ ਦੀਆਂ ਮਜਬੂਰੀਆਂ, ਪਰਿਵਾਰ ਦੇ ਮੈਂਬਰਾਂ ਨੂੰ ਵਧਾਈ ਭੇਜਣਾ।

**ਜਾਂ**

ਤੁਹਾਡੇ ਇਲਾਕੇ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਸਮੱਸਿਆ ਹੈ, ਆਪਣੇ ਨਗਰ-ਪਾਲਿਕਾ ਦੇ ਪ੍ਰਧਾਨ ਨੂੰ ਪਾਣੀ ਦਾ ਸੁਧਾਰ ਕਰਨ ਲਈ ਬੇਨਤੀ ਪੱਤਰ ਲਿਖੋ।

ਨੁਕਤੇ: ਸੰਬੋਧਨੀ ਸ਼ਬਦ, ਵਿਸ਼ਾ, ਬਰਸਾਤ ਦੇ ਦਿਨ੍ਹਾਂ ਵਿੱਚ ਗੰਦਾ ਪਾਣੀ, ਪਾਣੀ ਦੀ ਟੈਂਕੀ ਦੀ ਸਫ਼ਾਈ, ਬਿਮਾਰੀਆਂ ਦਾ ਫੈਲਣਾ, ਢੁਕਵੇਂ ਪ੍ਰਬੰਧ ਕਰੋ।

**10) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ। (4)**



**ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)**

**11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਮੰਗਲ ਸਿੰਘ ਪਹਿਲਵਾਨ ਦੇ ਮਾਮੇ ਨੇ ਉਸਦੇ ਜੌਹਰ ਦੇਖ ਕੇ ਉਸਨੂੰ ਕੀ ਦਿੱਤਾ?

1) ਚਾਂਦੀ ਦਾ ਇੱਕ ਰੁਪਈਆ 2) ਚਾਂਦੀ ਦੇ ਦੋ ਰੁਪਏ

3) ਚਾਂਦੀ ਦਾ ਇਕ ਡਬਲ ਰੁਪਈਆ ਅਤੇ ਧੜੀ ਘਿਓ 4) ਧੜੀ ਘਿਓ

ਅ) ਕਲਪਨਾ ਕਿਸ ਵੇਲੇ ਉੱਚੇ ਅਕਾਸ਼ਾਂ ਵਿੱਚ ਉੱਡਦੀ ਹੈ?

1) ਸੋਚਣ ਵੇਲੇ 2) ਦੌੜਨ ਵੇਲੇ 3) ਤੁਰਨ ਵੇਲੇ 4) ਬੈਠਣ ਵੇਲੇ

ੲ) ਕਿਸ ਕਹਾਣੀਕਾਰ ਨੂੰ ਪੰਜਾਬੀ ਨਿੱਕੀ ਕਹਾਣੀ ਦਾ ਵੱਡਾ ਲੇਖਕ ਕਿਹਾ ਜਾਂਦਾ ਹੈ?

1) ਸੁਜਾਨ ਸਿੰਘ 2) ਕੁਲਵੰਤ ਸਿੰਘ 3) ਵਰਿਆਮ ਸਿੰਘ ਸੰਧੂ 4) ਗੁਰਬਖਸ਼ ਸਿੰਘ

ਸ) ਕਹਾਣੀਕਾਰ ਕਰਮ ਸਿੰਘ ਦੇ ਬਾਪੂ ਦੀ ਕਿਸ ਨਾਲ ਤੁਲਨਾ ਕਰਦਾ ਹੈ?

1) ਸ਼ੇਰ ਨਾਲ 2) ਧਰਤੀ ਹੇਠਲੇ ਧੌਲ/ ਬਲਦ ਨਾਲ 3) ਬਲਦ ਨਾਲ 4) ਬਹਾਦਰ ਫੌਜੀ ਨਾਲ

ਹ) ਮਾਨ ਸਿੰਘ ਕਿੱਤੇ ਵੱਜੋਂ ਕੀ ਸੀ?

1) ਵਪਾਰੀ 2) ਫੌਜੀ 3) ਅਧਿਆਪਕ 4) ਕਲਰਕ

ਕ) ਵੱਡੇ-ਵਡੇਰਿਆਂ ਦੇ ਇੱਕ ਘਰ ਵਿੱਚ ਕਿਸਦੀ ਲਟੈਣ ਚੜ੍ਹੀ ਹੋਈ ਸੀ?

1) ਕਿੱਕਰ ਦੀ 2) ਟਾਹਲੀ ਦੀ 3) ਸੁਹਿਤੂਤ ਦੀ 4) ਨਿੰਮ ਦੀ

**12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) 'ਜੰਗ ਦਾ ਹਾਲ' ਰਚਨਾ ਵਿੱਚ ਫਰੰਗੀ ਸ਼ਬਦ ਤੋਂ ਕੀ ਭਾਵ ਹੈ?

1) ਭਾਰਤੀ 2) ਅੰਗਰੇਜ਼ 3) ਮਰਾਠੀ 4) ਗੁਜਰਾਤੀ

ਅ) ਨਿਹਾਲ ਕੌਰ ਅਨੁਸਾਰ ਮਨਜੀਤ ਨੂੰ ਪੁੱਠੀਆਂ ਮੱਤਾਂ ਕੌਣ ਦਿੰਦਾ ਹੈ?

1) ਸੁਖਦੇਵ ਸਿੰਘ 2) ਸੁਖਦੇਵ ਕੌਰ 3) ਗੁਰਦਿੱਤ ਸਿੰਘ 4) ਗੁਆਂਢਣ

ੲ) ਸ੍ਰੀ ਗੁਰੂ ਨਾਨਕ ਦੇਵ ਜੀ ਕਿਸ ਯੁੱਗ ਵਿੱਚ ਪ੍ਰਗਟ ਹੋਏ?

1) ਸਤਿਜੁਗ 2) ਕਲਜੁਗ 3) ਦੁਆਪਰ 4) ਤ੍ਰੇਤਾ

ਸ) ਸਿੰਘਾਂ ਨੇ ਕਿੰਨ੍ਹਾਂ ਦੇ ਗੰਜ ਲਾਹ ਸੁੱਟੇ?

1) ਵਿਰੋਧੀਆਂ ਦੇ 2) ਫੌਜੀਆਂ ਦੇ 3) ਗੋਰਿਆਂ ਦੇ 4) ਸਿਪਾਹੀਆਂ ਦੇ

ਹ) 'ਜਿਉਂ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ' ਤੁੱਕ ਕਿਸਦੀ ਹੈ?

1) ਸ੍ਰੀ ਗੁਰੂ ਨਾਨਕ ਦੇਵ ਜੀ ਦੀ 2) ਸ੍ਰੀ ਗੁਰੂ ਅਰਜਨ ਦੇਵ ਜੀ ਦੀ

3) ਸ੍ਰੀ ਗੁਰੂ ਅਮਰਦਾਸ ਜੀ ਦੀ 4) ਭਾਈ ਗੁਰਦਾਸ ਜੀ ਦੀ

ਕ) ਸੁਖਦੇਵ (ਮਜ਼ਾਕ ਨਾਲ) ਕਿੰਨੇ ਕੁ ਸਾਲਾਂ ਲਈ ਦੂਜਾ ਵਿਆਹ ਕਰਵਾਉਣ ਲਈ ਕਹਿੰਦਾ ਹੈ?

1) ਦੋ ਸਾਲਾਂ ਲਈ 2) ਚਾਰ ਸਾਲਾਂ ਲਈ 3) ਪੰਜ ਸਾਲਾਂ ਲਈ 4) ਛੇ ਸਾਲਾਂ ਲਈ

**13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ): (4×1=4)**

ੳ) ਚੌਧਰੀ ਚੜ੍ਹਤ ਸਿੰਘ ਨੇ ਪਿੰਡ ਦੀ ਇੱਜ਼ਤ ਬਚਾਉਣ ਲਈ ਕਿਸਨੂੰ ਬੇਨਤੀ ਕੀਤੀ?

ਅ) ਫੌਜ ਵਿੱਚ ਕਰਮ ਸਿੰਘ ਅਤੇ ਮਾਨ ਸਿੰਘ ਕਿਸ-ਕਿਸ ਅਹੁਦੇ 'ਤੇ ਸਨ?

ੲ) ਹਲਕੇ-ਫੁਲਕੇ ਹੋਣ ਦਾ ਹੁਨਰ ਕਿਹੜਾ ਹੈ?

ਸ) ਕਰਮ ਸਿੰਘ ਦੀ ਗੋਲੀ ਕਿਹੜੀ ਲੜਾਈ ਵਿੱਚ ਬਹੁਤ ਮਸ਼ਹੂਰ ਹੋਈ?

ਹ) ਅਜੋਕੇ ਯੁੱਗ ਵਿੱਚ ਲੋਕ ਤੁਰਨ ਨੂੰ ਕੀ ਕਹਿੰਦੇ ਹਨ?

**14) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)**

**(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 23-30 ਸ਼ਬਦਾਂ ਵਿੱਚ ਦਿਓ):**

ੳ) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਤੇ ਕਿਉਂ?

ਅ) ਸੁਖਦੇਵ ਸਿੰਘ ਅਤੇ ਮਨਜੀਤ ਕੌਰ ਦੇ ਆਪਸੀ ਰਿਸ਼ਤੇ ਬਾਰੇ ਜਾਣਕਾਰੀ ਦਿਓ।

ੲ) ਪਹਿਲਵਾਨ ਨੇ ਬਾਬਿਆਂ ਦੀ ਚੜ੍ਹਿੱਕ ਵਿਆਹੀ ਭੈਣ ਦੀ ਕਿਵੇਂ ਤੇ ਕਿਉਂ ਮੰਨੀ?

ਸ) ਦੂਜਾ ਵਿਆਹ ਇਕਾਂਗੀ ਤੋਂ ਮਿਲਦੀ ਸਿੱਖਿਆ ਬਾਰੇ ਜਾਣਕਾਰੀ ਦਿਓ।

ਹ) ਡਾਕੀਏ ਨੂੰ ਦੇਖ ਕੇ ਕਰਮ ਸਿੰਘ ਦੇ ਬਾਪੂ ਦੇ ਮਨ ਵਿੱਚ ਕੀ ਵਿਚਾਰ ਆਏ।

ਕ) ਕਿਹੜੇ ਪਤੀ-ਪਤਨੀ ਹਰ ਮੁਸੀਬਤ ਦਾ ਖਿੜੇ-ਮੱਥੇ ਸਾਹਮਣਾ ਕਰਦੇ ਹਨ?

ਖ) ਤੁਰਨ ਨਾਲ ਸਾਨੂੰ ਕਿਹੜੇ-ਕਿਹੜੇ ਨੈਤਿਕ ਅਤੇ ਸਦਾਚਾਰਿਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ?

ਗ) ਲੋਕ ਭਲਵਾਨਾਂ ਦਾ ਸਤਿਕਾਰ ਕਿਵੇਂ ਕਰਦੇ ਸਨ?

**15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)**

ੳ) ਭਾਈ ਗੁਰਦਾਸ ਜੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ ਕੀ ਹੋਇਆ?

**ਜਾਂ**

'ਜੰਗ ਦਾ ਹਾਲ' ਕਵਿਤਾ ਦਾ ਸਾਰ ਲਿਖੋ।

ਅ) ਲੇਖਕ ਦੇ ਬਾਬਿਆਂ ਦੀਆਂ ਭੈਣਾਂ ਵੀ ਬਾਬਿਆਂ ਵਾਂਗ ਭਾਰ ਚੁੱਕ ਸਕਦੀਆਂ ਸਨ। ਕਿਵੇਂ?

**ਜਾਂ**

ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ?

**16) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (1×4=4)**

ੳ) ਨਿਹਾਲ ਕੌਰ ਦਾ ਸੁਭਾਅ ਕਿਹੋ ਜਿਹਾ ਹੈ? ਦੂਜਾ ਵਿਆਹ ਇਕਾਂਗੀ ਦੇ ਅਧਾਰ 'ਤੇ ਦੱਸੋ।

**ਜਾਂ**

ਮਨਜੀਤ ਕੌਰ ਦੇ ਗੁਆਂਢਣ ਦੇ ਨਾਲ ਉੱਠਣ-ਬੈਠਣ ਨਾਲ ਨਿਹਾਲ ਕੌਰ ਨੂੰ ਕੀ ਪਰੇਸ਼ਾਨੀ ਸੀ?